# ਲਾਲਾ ਜਗਤ ਨਰਾਇਣ ਐਜੂਕੇਸ਼ਨ ਕਾਲਜ, ਜਲਾਲਾਬਾਦ (ਪੱ)

## (ਰਿਪੋਰਟ)

ਮਿਤੀ 26 ਮਾਰਚ 2026
ਸਮਾਂ 10:30 ਤੋਂ 11:30
ਸਥਾਨ: ਲਾਲਾ ਜਗਤ ਨਰਾਇਣ ਐਜੂਕੇਸ਼ਨ ਕਾਲਜ, ਜਲਾਲਾਬਾਦ (ਪੱ)

**"ਪੰਜਾਬੀ ਲੋਕ ਗੀਤਾਂ ਦਾ ਸੱਭਿਆਚਾਰ ਉੱਤੇ ਪ੍ਰਭਾਵ"- ਐਕਸਟੈਨਸ਼ਨ ਲੈਕਚਰ**

ਸਥਾਨਕ ਲਾਲਾ ਜਗਤ ਨਰਾਇਣ ਐਜੂਕੈਸ਼ਨ ਕਾਲਜ, ਜਲਾਲਾਬਾਦ (ਪੱ) ਵੱਲੋਂ ਕਾਲਜ ਕਮੇਟੀ ਦੇ ਚੇਅਰਮੈਨ ਸ਼੍ਰੀ ਅਸ਼ੋਕ ਕੁਮਾਰ ਅਨੇਜਾ ਜੀ, ਪ੍ਰਧਾਨ ਸ਼੍ਰੀ ਪ੍ਰਦੀਪ ਕੁਮਾਰ ਚੁੱਘ ਜੀ, ਖਜਾਨਚੀ ਸ਼੍ਰੀ ਚੰਦਰ ਸ਼ੇਖਰ ਗੁੰਬਰ ਜੀ, ਸਿੱਖਿਆ ਸ਼ਾਸ਼ਤਰੀ ਸਰਦਾਰ ਗੁਰਬਖਸ਼ ਸਿੰਘ ਖੁਰਾਣਾ ਜੀ ਅਤੇ ਪ੍ਰਿੰਸੀਪਲ ਡਾ: ਨੀਤਿਕਾ ਜੀ ਦੀ ਯੋਗ ਅਗਵਾਈ ਸਦਕਾ ਕਾਲਜ ਵਿਖੇ **"ਪੰਜਾਬੀ ਲੋਕ ਗੀਤਾਂ ਦਾ ਸੱਭਿਆਚਾਰ ਉੱਤੇ ਪ੍ਰਭਾਵ"** ਤੇ ਐਕਸਟੈਂਸ਼ਨ ਲੈਕਚਰ ਕਰਵਾਇਆ ਗਿਆ। ਜਿਸ ਵਿੱਚ ਸਹਾਇਕ ਪ੍ਰੋਫੈਸਰ ਮਿਸਟਰ ਪ੍ਰੇਮ ਲਾਲ, ਡੀ.ਏ.ਵੀ. ਕਾਲਜ ਜਲਾਲਾਬਾਦ (ਪੱ) ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ।ਉਹਨਾ ਨੇ ਪੰਜਾਬੀ ਲੋਕ ਗੀਤਾਂ ਦਾ ਸਭਿਆਚਾਰ ਉਤੇ ਪ੍ਰਭਾਵ ਦੇ ਮਹੱਤਵ ਬਾਰੇ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਅਤੇ ਦੱਸਿਆ ਕਿ ਪੰਜਾਬੀ ਲੋਕਗੀਤ ਸਾਡੀ ਸੱਭਿਆਚਾਰ ਦੀ ਰੂਹ ਹਨ ਜੋ ਜਨਮ ਤੋਂ ਲੈ ਮੌਤ ਤੱਕ ਦੇ ਜੀਵਨ ਚੱਕਰ ਅਤੇ ਮੌਸਮੀ ਤਿਉਹਾਰਾਂ ਨੂੰ ਦਰਸਾਉਂਦੀ ਹੈ। ਜੋ ਨਾਲ ਹੀ ਪੰਜਾਬੀ ਸਮਾਜ ਦੀਆਂ ਰੀਤਾਂ, ਪਰੰਪਰਾਵਾਂ ਅਤੇ ਭਾਈਚਾਰਕ ਸਾਂਝ ਨੂੰ ਮਜਬੂਤ ਕਰਦੀ ਹੈ।

ਆਧੁਨਿਕੀਕਰਨ ਅਤੇ ਪੱਛਮੀ ਸੰਗੀਤ ਦੇ ਪ੍ਰਭਾਵਾਂ ਕਾਰਨ ਲੋਕ ਗੀਤਾਂ ਦੀ ਮੂਲ ਤਰਜ ਖਤਮ ਹੋ ਰਹੀ ਹੈ। ਇਹਨਾ ਨੂੰ ਸੰਭਾਲਣਾ ਅਤੇ ਅਗਲੀ ਪੀੜੀ ਤੱਕ ਪਹੁੰਚਾਉਣਾ ਸਾਡੀ ਸਾਂਝੀ ਜਿੰਮੇਵਾਰੀ ਹੈ ਤਾਂ ਜੋ ਪੰਜਾਬੀ ਸੱਭਿਆਚਹਰ ਦੀ ਪਛਾਣ ਬਣੀ ਰਹੇ। ਇਸ ਮੌਕੇ ਪ੍ਰਿੰਸੀਪਲ ਡਾ. ਨੀਤਿਕਾ ਜੀ ਨੇ ਮਿਸਟਰ ਪ੍ਰੇਮ ਲਾਲ ਜੀ ਦਾ ਸਨਮਾਨ ਚਿੰਨ੍ਹ ਦੇ ਕੇ ਧੰਨਵਾਦ ਕੀਤਾ ਤੇ ਨਵੀਂ ਪੀੜੀ ਨੂੰ ਆਪਣੀ ਵਿਰਾਸਤ ਤੋਂ ਜਾਣੂ ਕਰਵਾਉਣ ਲਈ 'ਲੋਕ ਗੀਤਾਂ' ਨੂੰ ਮੁੜ ਸੁਰਜੀਤ ਕਰਨ ਲਈਂ ਪ੍ਰੇਰਿਤ ਕੀਤਾ।

Principal
Lala Jagat Naryan Education College
Jalalabad (w)